ਮਾਂ ਬੋਲੀ, ਇਤਿਹਾਸ ਅਤੇ ਸੱਭਿਆਚਾਰ ਦਾ ਦਰਪਣ:
ਸੈਂਟਰ ਫ਼ੌਰ ਇੰਡੋ ਕੈਨੇਡੀਅਨ ਸਟੱਡੀਜ਼, ਐਬਟਸਫ਼ੋਰਡ

ਗਗਨਦੀਪ ਸਿੰਘ ਬਦੇਸ਼ਾਂ
ਮਿਸ਼ਨ (ਬੀ. ਸੀ.)
604-615-7006
gbadhesha@hotmail.com

ਬੀ. ਸੀ. ਵਿੱਚ ਜਦੋਂ ਵੀ ਕਿਤੇ ਭਾਰਤੀ ਭਾਈਚਾਰੇ ਬਾਰੇ ਕੋਈ ਖੋਜ ਪੱਤਰ ਛਪਦਾ ਹੈ, ਸੈਮੀਨਾਰ ਹੁੰਦੇ ਨੇ ਜਾਂ ਕੈਨੇਡਾ ਵਿੱਚ ਸਿੱਖ ਇਤਿਹਾਸ ਬਾਰੇ ਛੋਟ ਪ੍ਰਦਰਸ਼ਨੀਆਂ ਲੱਗਦੀਆਂ ਨੇ, ਤਾਂ ਇਨ੍ਹਾਂ ਕਾਰਜਾਂ ਨੂੰ ਨੇਪਰੇ ਚਾੜ੍ਹਨ ਵਿੱਚ 'ਸੈਂਟਰ ਫ਼ੌਰ ਇੰਡੋ ਕੈਨੇਡੀਅਨ ਸਟੱਡੀਜ਼ ਐਬਟਸਫ਼ੋਰਡ' ਦਾ ਨਾਮ ਹਮੇਸ਼ਾ ਸੁਰਖੀਆਂ ਵਿੱਚ ਹੁੰਦਾ ਹੈ। ਮੇਰੀ ਇਸ ਸੈਂਟਰ ਨੂੰ ਅੱਖੀਂ ਦੇਖਣ ਦੀ ਅਤੇ ਉਹਨਾਂ ਲੋਕਾਂ ਬਾਰੇ ਜਾਨਣ ਦੀ ਦਿਲੀ ਰੀਝ ਸੀ ਜੋ ਇਸ ਅਦਾਰੇ ਨੂੰ ਚਲਾਉਂਦੇ ਨੇ ਅਤੇ ਨਿਵੇਕਲੇ ਕਾਰਜਾਂ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਸਦਾ ਆਪਣਾ ਯੋਗਦਾਨ ਪਾਉਂਦੇ ਨੇ। ਮੇਰੀ ਇਹ ਰੀਝ ਪਿਛਲੇ ਦਿਨੀਂ ਉਸ ਵੇਲੇ ਪੂਰੀ ਹੋਈ ਜਦੋਂ 'ਯੂਨੀਵਰਸਿਟੀ ਔਫ਼ ਫਰੇਜ਼ਰ ਵੈਲੀ' ਦੇ ਐਬਟਸਫ਼ੋਰਡ ਕੈਂਪਸ ਵਿੱਚ ਬਣੇ ਇਸ ਸੈਂਟਰ ਨੂੰ ਦੇਖਣ ਦਾ ਮੌਕਾ ਮਿਲਿਆ ਅਤੇ ਸੈਂਟਰ ਦੇ ਡਾਇਰੈਕਟਰ ਡਾ. ਸਤਵਿੰਦਰ ਕੌਰ ਬੈਂਸ ਅਤੇ ਕੋਆਰਡੀਨੇਟਰ ਸ਼ਰਨਜੀਤ ਕੌਰ ਸੰਧਰਾ ਨਾਲ ਮੁਲਾਕਾਤ ਹੋਈ।

ਇਸ ਅਦਾਰੇ ਦੇ ਹੋਂਦ ਵਿੱਚ ਆਉਣ ਦੀ ਕਹਾਣੀ ਬੜੀ ਦਿਲਚਸਪ ਲੱਗੀ। ਸੰਨ 2001 ਦੀ ਗੱਲ ਹੈ ਜਦੋਂ ਡਾ. ਬੈਂਸ ਇਸੇ ਹੀ ਯੂਨੀਵਰਸਿਟੀ ਦੇ ਸੋਸ਼ਲ ਵਰਕ ਵਿਭਾਗ ਵਿੱਚ ਪ੍ਰੋਫੈਸਰ ਵਜੋਂ ਕੰਮ ਕਰਦੇ ਸਨ। ਇਸ ਵਿਭਾਗ ਵਿੱਚੋਂ ਪੜ੍ਹ ਚੁੱਕੇ ਪੁਰਾਣੇ ਵਿਦਿਆਰਥੀ ਜੋ ਕਿ ਹੁਣ ਸੋਸ਼ਲ ਵਰਕਰਾਂ ਵਜੋਂ ਕੰਮ ਕਰਦੇ ਸਨ, ਨੇ ਵਿਭਾਗ ਨੂੰ ਸਲਾਹ ਦਿੱਤੀ ਕਿ ਭਵਿੱਖ ਵਿੱਚ ਨਵੇਂ ਵਿਦਿਆਰਥੀਆਂ ਨੂੰ ਭਾਰਤੀ ਤੇ ਖਾਸ ਕਰਕੇ ਪੰਜਾਬੀ ਸੱਭਿਆਚਾਰ ਬਾਰੇ ਵੀ ਇੱਕ ਅੱਧਾ ਕੋਰਸ ਪੜ੍ਹਾਇਆ ਜਾਵੇ, ਤਾਂ ਕਿ ਉਹਨਾਂ ਵਾਂਗ ਨਵੇਂ ਬਣ ਰਹੇ ਸੋਸ਼ਲ ਵਰਕਰਾਂ ਨੂੰ ਪੰਜਾਬੀ ਪਰਿਵਾਰਾਂ ਦੀ ਬਣਤਰ ਤੇ ਮੁਸ਼ਕਿਲਾਂ ਗੋਰੇ ਪਰਿਵਾਰਾਂ ਨਾਲੋਂ ਵੱਖਰੀਆਂ ਹੋਣ ਕਰਕੇ ਉਹਨਾਂ ਦੇ ਮਸਲੇ ਸੁਲਝਾਉਣ ਵੇਲੇ ਔਕੜਾਂ ਘੱਟ ਆਉਣ। ਡਾ. ਬੈਂਸ ਦੀ ਪਹਿਲਾਂ ਤੋਂ ਹੀ ਇਹ ਸੋਚ ਸੀ ਕਿ ਇਸ ਯੂਨੀਵਰਸਿਟੀ ਦੇ ਕੁੱਲ ਵਿਦਿਆਰਥੀਆਂ ਦਾ ਚੌਥਾ ਹਿਸਾ ਜਦੋਂ ਪੰਜਾਬੀ ਵਿਦਿਆਰਥੀਆਂ ਦਾ ਹੈ ਤਾਂ ਕਿਉਂ ਨਾ ਇਥੇ ਕੁਝ ਕੋਰਸ ਵੀ ਭਾਰਤੀ ਅਤੇ ਪੰਜਾਬੀ ਭਾਈਚਾਰੇ ਬਾਰੇ ਪੜ੍ਹਾਏ ਜਾਣ? ਇਸ ਨਾਲ ਦੂਜੇ ਭਾਈਚਾਰਿਆਂ ਦੇ ਲੋਕਾਂ ਨੂੰ ਸਾਡੇ ਬਾਰੇ ਜਾਨਣ ਦਾ ਮੌਕਾ ਮਿਲੇਗਾ। ਯੂਨੀਵਰਸਿਟੀ ਦੇ ਯੋਜਨਾ ਬੋਰਡ ਨੇ ਡਾ. ਬੈਂਸ ਦੇ ਇਸ ਸੁਝਾਅ ਨੂੰ ਮੰਨ ਲਿਆ ਅਤੇ ਇਤਿਹਾਸ, ਫਿਲੌਸਫ਼ੀ, ਭੂਗੋਲ, ਬਿਜ਼ਨੈਸ ਆਦਿ ਵਿੱਚ ਕੁਝ ਕੋਰਸ ਭਾਰਤ ਅਤੇ ਪੰਜਾਬ ਬਾਰੇ ਪੜ੍ਹਾਉਣ ਦੀ ਮਨਜ਼ੂਰੀ ਦੇ ਦਿੱਤੀ।

ਇਨ੍ਹਾਂ ਨਵੇਂ ਕੋਰਸਾਂ ਨੂੰ ਹਰ ਵਰਗ ਦੇ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਸੈਂਕੜਿਆਂ ਦੀ ਗਿਣਤੀ ਵਿੱਚ ਸਿਰਫ਼ ਇਸ ਯੂਨੀਵਰਸਿਟੀ ਦੇ ਵਿਦਿਆਰਥੀ ਹੀ ਇਨ੍ਹਾਂ ਕੋਰਸਾਂ 'ਚ ਦਾਖਲ ਨਹੀਂ ਹੋਏ ਬਲਕਿ ਹੋਰ ਅਦਾਰਿਆਂ ਜਿਵੇਂ ਕਿ ਪੁਲਿਸ, ਹਸਪਤਾਲ, ਜੇਲ੍ਹਾਂ, ਬੈਂਕਾਂ ਆਦਿ ਦੇ ਕਰਮਚਾਰੀ ਵੀ ਪੰਜਾਬ, ਪੰਜਾਬੀ, ਭਾਰਤ, ਉਥੋਂ ਦੇ ਸੱਭਿਆਚਾਰ, ਭੂਗੋਲ, ਅਰਥਸ਼ਾਸਤਰ ਬਾਰੇ ਪੜ੍ਹਨ ਆਉਣ ਲੱਗੇ।

ਇਸ ਸਫ਼ਲਤਾ ਨੂੰ ਦੇਖਦੇ ਹੋਏ ਯੂਨੀਵਰਸਿਟੀ ਔਫ਼ ਫ਼ਰੇਜ਼ਰ ਵੈਲੀ ਨੇ ਬੀ. ਸੀ. ਸਰਕਾਰ ਨੂੰ ਇਥੇ ਹੀ ਇੱਕ 'ਸੈਂਟਰ ਫ਼ੌਰ ਇੰਡੋ ਕੈਨੇਡੀਅਨ ਸਟੱਡੀਜ਼' ਬਣਾਉਣ ਦੀ ਅਰਜ਼ੋਈ ਕੀਤੀ ਜੋ ਕਿ ਇੱਕ ਵੱਖਰੇ ਵਿਭਾਗ ਵਜੋਂ ਵੱਖ ਵੱਖ ਵਿਸ਼ਿਆਂ ਵਿੱਚ ਭਾਰਤੀ ਸੰਸਥਾਵਾਂ, ਯੂਨੀਵਰਸਿਟੀਆਂ ਅਤੇ ਖੋਜ ਕੇਂਦਰਾਂ ਨਾਲ ਮਿਲ ਕੇ ਖੋਜ ਅਤੇ ਜਾਣਕਾਰੀ ਅਦਾਨ ਪ੍ਰਦਾਨ ਕਰਨ ਦਾ ਮੁੱਢ ਹੋਵੇਗਾ। ਬੀ. ਸੀ. ਸਰਕਾਰ ਨੇ ਯੂਨੀਵਰਸਿਟੀ ਦੀ ਇਸ ਪੇਸ਼ਕਸ਼ ਨੂੰ ਸਵੀਕਾਰ ਕੀਤਾ ਤੇ ਕੁੱਲ 22.5 ਲੱਖ ਡਾਲਰ ਦੇ ਬਣਦੇ ਖਰਚੇ ਦਾ ਅੱਧ ਜਾਣੀ ਕਿ ਸਵਾ ਗਿਆਰਾਂ ਲੱਖ ਡਾਲਰ ਦੇਣ ਮਨਜ਼ੂਰੀ ਦੇ ਦਿੱਤੀ, ਜਦਕਿ ਬਾਕੀ ਰਹਿੰਦਾ ਸਵਾ ਗਿਆਰਾਂ ਲੱਖ ਯੂਨੀਵਰਸਿਟੀ ਨੂੰ ਆਪ ਇਕੱਠਾ ਕਰਨ ਲਈ ਕਿਹਾ।

ਇਸ ਮੋਟੀ ਰਕਮ ਨੂੰ ਉਗਰਾਹੁਣ ਦੀ ਡਿਊਟੀ ਡਾ. ਬੈਂਸ ਅਤੇ ਉਹਨਾਂ ਦੀ ਟੀਮ ਦੀ ਲੱਗੀ। ਇਸ ਵਲੰਟੀਅਰ ਟੀਮ ਵਿੱਚ ਯੂਨੀਵਰਸਿਟੀ ਦੇ ਅਨੇਕਾਂ ਪ੍ਰੋਫੈਸਰਾਂ ਤੇ ਵਿਦਿਆਰਥੀਆਂ ਤੋਂ ਬਿਨ੍ਹਾਂ ਭਾਈਚਾਰੇ ਦੇ ਵੱਖ ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਵਿਅਕਤੀ ਵੀ ਸ਼ਾਮਿਲ ਸਨ ਅਤੇ ਸ਼ਰਨਜੀਤ ਦੀ ਦੇਖ ਰੇਖ ਹੇਠਾਂ ਇਸ ਟੀਮ ਨੇ ਸਾਲ ਕੁ ਵਿੱਚ ਹੀ ਰਹਿੰਦੀ ਰਾਸ਼ੀ ਇਕੱਠੀ ਕਰ ਦਿਖਾਈ ਅਤੇ 'ਸੈਂਟਰ ਫੌਰ ਇੰਡੋ ਕੈਨੇਡੀਅਨ ਸਟੱਡੀਜ਼' ਸੰਨ 2006 ਵਿੱਚ ਹੋਂਦ ਵਿੱਚ ਆਇਆ। ਇਹ ਕੈਨੇਡਾ ਦਾ ਹੀ ਨਹੀਂ, ਬਲਕਿ ਭਾਰਤ ਤੋਂ ਬਾਹਰ ਪੂਰੀ ਦੁਨੀਆਂ ਵਿੱਚ ਆਪਣੇ ਆਪ ਵਿੱਚ ਇੱਕ ਅਨੋਖਾ ਅਦਾਰਾ ਹੈ, ਜਿੱਥੋਂ ਦੇਸ਼ ਨੂੰ ਭਾਰਤ ਵਿੱਚ ਹੋ ਰਹੀਆਂ ਖੋਜਾਂ ਅਤੇ ਪੜ੍ਹਾਈਆਂ ਨਾਲ ਜੋੜ ਕੇ ਦੋਵਾਂ ਦੇਸ਼ਾਂ ਦੇ ਵਿਦਿਆਰਥੀਆਂ, ਖੋਜੀਆਂ ਅਤੇ ਸੰਗਠਨਾਂ ਨੂੰ ਇੱਕ ਮੰਚ 'ਤੇ ਜੋੜਿਆ ਜਾ ਸਕੇ। ਡਾ. ਬੈਂਸ ਦਾ ਕੁਝ ਕੁ ਕੋਰਸਾਂ 'ਚ ਪੰਜਾਬੀ ਪੜ੍ਹਾਉਣ ਦਾ ਸੁਪਨਾ ਇੱਕ ਦਿਨ ਅੰਤਰਰਾਸ਼ਟਰੀ ਅਦਾਰਾ ਬਣ ਜਾਏਗਾ, ਇਹ ਕਿਸੇ ਨੇ ਨਹੀਂ ਸੀ ਸੋਚਿਆ। ਸ਼ਰਨਜੀਤ ਕੌਰ ਸੰਧਰਾ ਅਨੁਸਾਰ ਜੇ ਪੰਜਾਬੀ ਦਿਲ ਖੋਲ੍ਹ ਕੇ ਦਾਨ ਅਤੇ ਸਮਰਥਨ ਨਾ ਦਿੰਦੇ ਤਾਂ ਸੁਪਨਾ ਸੁਪਨਾ ਹੀ ਰਹਿ ਸਕਦਾ ਸੀ। ਪਰ ਮਾਣ ਹੈ ਸਾਡੀ ਕੌਮ 'ਤੇ, ਜਿਸ ਨੇ ਹਰ ਪੱਖੋਂ ਤੋੜ ਯਤਨ ਕਰਕੇ ਇਸ ਅਦਾਰੇ ਨੂੰ ਅੰਜ਼ਾਮ ਦਿੱਤਾ।

ਇਸ ਸੈਂਟਰ ਦੀ ਬਦੌਲਤ ਹੁਣ ਯੂਨੀਵਰਸਿਟੀ ਔਫ਼ ਫਰੇਜ਼ਰ ਵੈਲੀ ਵਿੱਚ ਭਾਰਤ, ਪੰਜਾਬ ਅਤੇ ਦੱਖਣੀ ਏਸ਼ੀਆ ਬਾਰੇ ਵੱਖ ਵੱਖ ਵਿਸ਼ਿਆਂ ਵਿੱਚ 30 ਦੇ ਕਰੀਬ ਕੋਰਸ ਪੜ੍ਹਾਏ ਜਾ ਰਹੇ ਹਨ। ਇਹ ਸੈਂਟਰ ਸਿਰਫ਼ ਕੋਰਸ

ਸੈਂਟਰ ਦੇ ਕੋਆਰਡੀਨੇਟਰ ਸ਼ਰਨਜੀਤ ਕੌਰ ਸੰਧਰਾ ਅਤੇ ਡਾਇਰੈਕਟਰ ਡਾ. ਸਤਵਿੰਦਰ ਕੌਰ ਬੈਂਸ

ਤਿਆਰ ਕਰਨ ਜਾਂ ਕੋਰਸ ਪੜ੍ਹਾਉਣ ਤੱਕ ਹੀ ਸੀਮਿਤ ਨਹੀਂ, ਇਸ ਨਾਲ ਜੁੜੇ ਬੁੱਧੀਜੀਵੀਆਂ ਦਾ ਪਹਿਲੇ ਦਿਨ ਤੋਂ ਇਹ ਮੰਤਵ ਰਿਹਾ ਹੈ ਕਿ ਇਥੋਂ ਤਿਆਰ ਹੋਏ ਪ੍ਰੋਗਰਾਮ ਕਮਿਊਨਿਟੀ ਨਾਲ ਸਾਂਝੇ ਕੀਤੇ ਜਾਣ, ਖੋਜ ਕਰਨ ਲਈ ਭਾਰਤੀ ਤੇ ਕੈਨੇਡੀਅਨ ਵਿਦਿਆਰਥੀਆਂ ਅਤੇ ਸਕੌਲਰਾਂ 'ਚ ਆਪਸ ਵਿੱਚ ਅਦਾਨ ਪ੍ਰਦਾਨ ਹੋਵੇ, ਸਾਂਝੇ ਤੌਰ ਤੇ ਖੋਜਾਂ ਆਰੰਭੀਆਂ ਜਾਣ। ਇਸ ਸੋਚ ਨੂੰ ਅਮਲੀ ਜਾਮਾ ਪੁਆਉਂਦਿਆਂ ਕੈਂਪਸ ਸ਼ੁਰੂ ਕੀਤਾ ਤਾਂ ਬਿਜ਼ਨਸ ਡਿਗਰੀ ਦੇ ਕੋਰਸਾਂ ਨੂੰ ਭਾਰਤੀ ਅਤੇ ਕੈਨੇਡੀਅਨ ਅਰਥਚਾਰੇ ਦੇ ਅਨੁਕੂਲ ਬਣਾਉਣ ਵਿੱਚ ਇਸ ਸੈਂਟਰ ਦੀ ਮਦਦ ਲਈ ਗਈ।

ਇਸ ਤੋਂ ਬਾਅਦ ਇਸ ਸੈਂਟਰ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਪੰਜਾਬੀ, ਸਿੱਖ ਧਰਮ ਤੇ ਸੱਭਿਆਚਾਰ ਵਿੱਚ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨਾਲ ਐਂਥਰੋਪੌਲੋਜੀ ਵਿੱਚ, ਮੁੰਬਈ ਯੂਨੀਵਰਸਿਟੀ ਨਾਲ ਇੰਜਨੀਅਰਿੰਗ ਤੇ ਬਿਜ਼ਨੈਸ ਵਿੱਚ ਡਿਗਰੀਆਂ, ਖੋਜਾਂ ਅਤੇ ਵਿਦਿਆਰਥੀ ਅਦਾਨ ਪ੍ਰਦਾਨ ਕਰਨ ਦੇ ਕਦਮ ਚੁੱਕੇ। ਆਉਣ ਵਾਲੇ ਸਮੇਂ 'ਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨਾਲ ਇਹ ਸੈਂਟਰ ਖੇਤੀ ਖੋਜ ਵਿੱਚ ਸਾਂਝ ਪਾਉਣ ਦੀ ਤਿਆਰੀ ਵਿੱਚ ਹੈ।

ਕੈਨੇਡਾ ਵਿੱਚ ਭਾਰਤੀਆਂ, ਖਾਸ ਕਰਕੇ ਸਿੱਖਾਂ ਦੇ ਇਤਿਹਾਸ ਨੂੰ ਪ੍ਰਦਰਸ਼ਨੀਆਂ ਰਾਹੀਂ ਲੋਕਾਂ ਸਾਹਮਣੇ ਦਿਲਚਸਪ ਬਣਾ ਕੇ ਪੇਸ਼ ਕਰਨਾ ਅੱਜ ਤੱਕ ਇਸ ਸੈਂਟਰ ਦਾ ਹੀ ਉੱਦਮ ਰਿਹਾ ਹੈ। ਕੈਨੇਡੀਅਨ ਕੌਮੀ ਇਤਿਹਾਸਕ ਜਗ੍ਹਾ ਵਜੋਂ ਮਾਨਤਾ ਪ੍ਰਾਪਤ ਗੁਰਦਵਾਰਾ ਖਾਲਸਾ ਦੀਵਾਨ ਸੋਸਾਇਟੀ ਐਬਟਸਫ਼ੋਰਡ ਨਾਲ ਮਿਲ ਕੇ ਸੈਂਟਰ ਨੇ ਵੈੱਬਸਾਈਟ www.canadianheritage.ca ਤਿਆਰ ਕੀਤੀ, ਜਿਸ ਵਿੱਚ ਮੁੱਢਲੇ ਕੈਨੇਡੀਅਨ ਸਿੱਖਾਂ ਦੀਆਂ ਕਹਾਣੀਆਂ ਤੋਂ ਬਿਨ੍ਹਾਂ ਅੱਜ ਦੇ ਅਗਾਂਹਵਧੂ ਸਿੱਖਾਂ ਬਾਰੇ ਵੀ ਭਰਪੂਰ ਜਾਣਕਾਰੀ ਹੈ। ਕੈਨੇਡੀਅਨ ਪੱਗਾਂ ਦੀ ਪ੍ਰਦਰਸ਼ਨੀ, ਹੋਲਾ ਮੁਹੱਲਾ ਅਨੰਦਪੁਰ ਸਾਹਿਬ ਦੀ ਪ੍ਰਦਰਸ਼ਨੀ ਅਤੇ ਕਾਮਾਗਾਟਾ ਮਾਰੂ ਜਹਾਜ਼ ਬਾਰੇ ਪ੍ਰਦਰਸ਼ਨੀਆਂ ਜੋ ਦੇਸ਼ ਭਰ 'ਚ ਲੱਖਾਂ ਲੋਕਾਂ ਨੇ ਅੱਖੀਂ ਦੇਖ ਕੇ ਸਲਾਹੀਆਂ, ਇਸ ਸੈਂਟਰ ਦੀ ਹੀ ਦੇਣ ਹਨ। ਕੈਨੇਡੀਅਨ ਲੇਖਕਾਂ ਨੂੰ ਪਾਠਕਾਂ ਅਤੇ ਵਿਦਿਆਰਥੀਆਂ ਦੇ ਰੂਬਰੂ ਕਰਨ ਲਈ ਸੈਂਟਰ ਨੇ 'ਇਹਸਾਸ' ਨਾਂ ਦਾ ਪ੍ਰੋਗਰਾਮ ਉਲੀਕ ਰੱਖਿਆ ਹੈ, ਜੋ ਕਿ ਬੇਹੱਦ ਕਾਬਿਲ-ਏ-ਤਾਰੀਫ਼ ਹੈ। ਹੁਣੇ ਹੁਣੇ ਸੈਂਟਰ ਵੱਲੋਂ ਆਪਣੀ ਪਲੇਠੀ ਕਿਤਾਬ ਵੀ ਰਿਲੀਜ਼ ਕੀਤੀ ਗਈ ਹੈ, ਜੋ ਕਿ ਭਾਰਤੀ ਫ਼ੌਜ ਦੇ ਰਿਟਾਇਰਡ ਕਰਨਲ ਜੌਹਲ ਨੇ ਲਿਖੀ ਹੈ ਅਤੇ ਸ਼ਰਨਜੀਤ ਦੀ ਵਿਉਂਤਬੰਦੀ ਹੈ। ਸੈਂਟਰ ਕਈ ਵਿਸ਼ਿਆਂ ਵਿੱਚ ਆਪਣੀ ਹੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਕਈ ਸਲਾਨਾ ਵਜ਼ੀਫੇ ਵੀ ਦਿੰਦਾ ਹੈ। ਵਿਦਿਆਰਥੀਆਂ ਨੂੰ ਇਸ ਸੈਂਟਰ ਵੱਲੋਂ ਜ਼ਿੰਦਗੀ ਵਿੱਚ ਮਨੋਬਲ ਉੱਚਾ ਕਰਨ ਦੀ ਸਹਾਇਤਾ ਦੇਣ ਲਈ ਸੈਮੀਨਾਰ ਵੀ ਉਲੀਕੇ ਜਾਂਦੇ ਹਨ, ਜਿਨ੍ਹਾਂ ਵਿੱਚ ਵੱਖ ਵੱਖ ਯੂਨੀਵਰਸਿਟੀਆਂ ਅਤੇ ਅਦਾਰਿਆਂ ਤੋਂ ਮਾਹਰ ਸ਼ਾਮਿਲ ਹੁੰਦੇ ਰਹਿੰਦੇ ਹਨ।

ਇਸ ਸੈਂਟਰ ਵੱਲੋਂ ਚਲਾਇਆ ਜਾ ਰਿਹਾ ਹਰ ਕੋਰਸ ਅਤੇ ਪੁੱਟਿਆ ਗਿਆ ਹਰ ਕਦਮ ਸ਼ਲਾਘਾਯੋਗ ਹੈ। ਸਭ ਤੋਂ ਖਾਸ ਲੱਗੀ ਇਸ ਨੂੰ ਚਲਾਉਣ ਵਾਲਿਆਂ ਦੀ ਇਹ ਸੋਚ ਕਿ ਖੋਜ, ਗਿਆਨ ਜਾਂ ਜਾਣਕਾਰੀ ਸੈਂਟਰ ਦੀ ਬਿਲਡਿੰਗ ਵਿੱਚ ਹੀ ਨਾ ਪਈ ਰਹਿ ਜਾਏ, ਇਸ ਨੂੰ ਲੋਕਾਂ ਤੱਕ ਪਹੁੰਚਾ ਦਿਉ ਅਤੇ ਅੱਗੇ ਤੋਂ ਅੱਗੇ ਵੰਡ ਦਿਉ ਤਾਂ ਕਿ ਇਹਨਾਂ ਦੇ ਕੀਤੇ ਕੰਮਾਂ ਦਾ ਹਰ ਇੱਕ ਨੂੰ ਲਾਭ ਪਹੁੰਚੇ। ਇਸ ਸੋਚ ਨੂੰ ਸਲਾਮ, ਇਸ ਉੱਦਮ ਨੂੰ ਸਲਾਮ।

ਕਿੰਨੇ ਕੁ ਦਿਨ ਕੱਟਦੇ ਨੇ ਨਵੇਂ ਸਾਲ 'ਤੇ ਕੀਤੇ ਵਾਅਦੇ

ਗਗਨਦੀਪ ਸਿੰਘ ਬਦੇਸ਼ਾ
ਮਿਸ਼ਨ (ਬੀ. ਸੀ.)
604-615-7006
gbadhesha@hotmail.com

ਨਵੇਂ ਨਕੋਰ ਸਾਲ 2014 ਦਾ ਪਹਿਲਾ ਮਹੀਨਾ ਲੰਘ ਚੁੱਕਾ ਹੈ। ਨਵੇਂ ਸਾਲ 'ਤੇ ਆਪਣੇ ਆਪ ਨਾਲ ਕੀਤੇ ਵਾਅਦਿਆਂ ਵਿੱਚੋਂ ਮੈਂ ਅੱਧੇ ਕੁ ਤਾਂ ਅਜੇ ਤੱਕ ਛੇੜੇ ਹੀ ਨਹੀਂ, ਅਤੇ ਬਾਕੀ ਰਹਿੰਦੇ ਅੱਧੇ ਜਿਹਨਾਂ ਨੂੰ ਪੂਰੇ ਕਰਨ ਲਈ ਮੈਂ ਦੋ-ਤਿੰਨ ਹਫ਼ਤੇ ਪੂਰਾ ਜ਼ੋਰ ਲਾਇਆ ਸੀ, ਵੀ ਹੁਣ ਖਿੜਕਦੇ ਨਜ਼ਰ ਆ ਰਹੇ ਨੇ। ਲੱਗਦਾ ਹੈ ਕਿ ਵਾਅਦਿਆਂ ਦੀ ਬਣਾਈ ਮੇਰੀ ਲਿਸਟ ਫਰਵਰੀ ਦੇ ਅਖੀਰ ਤੱਕ ਝੂਠੀ ਪੈ ਜਾਏਗੀ।

ਪਰ ਮੈਨੂੰ ਇੱਕ ਗੱਲ ਦਾ ਬੜਾ ਹੌਂਸਲਾ ਹੈ ਕਿ ਮੈਂ ਇਕੱਲਾ ਨਹੀਂ ਹਾਂ ਜੀਹਦੇ ਤੋਂ ਵਾਅਦੇ ਨਿਭਾਅ ਨਹੀਂ ਹੋਣੇ, ਤੁਹਾਡੇ ਵਿੱਚੋਂ ਵੀ ਵੱਡੀ ਗਿਣਤੀ ਮੇਰੇ ਵਰਗੀ ਹੈ, ਜਿੰਨ੍ਹਾਂ ਨੇ ਨਵਾਂ ਸਾਲ ਚੜ੍ਹਨ 'ਤੇ ਲਿਸਟਾਂ ਤਾਂ ਲੰਬੀਆਂ ਚੌੜੀਆਂ ਬਣਾਈਆਂ ਸਨ, ਪਰ ਜਿਉਂ ਜਿਉਂ ਦਿਨ ਬੀਤ ਰਹੇ ਹਨ, ਲਿਸਟਾਂ ਵਿੱਚ ਲਿਖੇ ਕੰਮਾਂ ਨੂੰ ਪੂਰਾ ਕਰਨਾ ਹੋਰ ਤੋਂ ਹੋਰ ਔਖਾ ਹੋਈ ਜਾ ਰਿਹਾ ਹੈ। ਇੱਕ ਸਰਵੇ ਅਨੁਸਾਰ ਦੁਨੀਆਂ ਵਿੱਚ 80% ਲੋਕ 14 ਫਰਵਰੀ ਨੂੰ ਪੈਂਦੇ ਵੈਲਨਟਾਈਨਜ਼ ਡੇਅ ਤੱਕ ਆਪਣੇ ਨਾਲ ਕੀਤੇ ਵਾਅਦੇ ਤੋੜ ਦਿੰਦੇ ਹਨ। ਤੇ ਫਿਰ ਉਸੇ ਤਰਜ਼ 'ਤੇ ਜਿਉਣਾ ਸ਼ੁਰੂ [illegible] ਬੀਤਿਆ ਸਾਲ ਲੰਘਿਆ ਸੀ ਅਤੇ ਜਿਸ ਤਰਜ਼ ਵਿੱਚ ਕੋਈ ਘਾਟ ਰਹਿ ਗਈ ਸੀ, ਜਿਸਨੂੰ ਸੁਧਾਰਨ ਕਰਕੇ ਉਹਨਾਂ ਆਪਣੇ ਆਪ ਨਾਲ ਵਾਅਦੇ ਕੀਤੇ ਸਨ।

ਜਦੋਂ ਮੈਂ ਆਪਣੇ ਆਪ ਨਾਲ ਕੀਤੇ ਕੌਲ ਨਿਭਾਅ ਨਾ ਸਕਿਆ ਤਾਂ ਮੈਨੂੰ ਆਪਣੇ 'ਤੇ ਕਮਜ਼ੋਰ ਦਿਲ ਹੋਣ ਦਾ ਸ਼ੱਕ ਪਿਆ ਅਤੇ ਕੰਮਚੋਰ ਹੋਣ ਦਾ ਵੀ। ਮੈਨੂੰ ਲੱਗਾ ਕਿ ਮੇਰੇ 'ਤੇ ਹੀ ਕੰਟਰੋਲ ਘੱਟ ਹੈ। ਕਰਨਾ ਮੈਂ ਕੁਝ ਹੋਰ ਚਾਹੁੰਨਾਂ, ਮੇਰਾ ਦਿਲ ਮੇਰੇ ਦਿਮਾਗ 'ਤੇ ਭਾਰਾ ਪੈ ਜਾਂਦੈ ਤੇ ਮੈਂ ਫਿਰ ਉਹ ਕੁਝ ਨਹੀਂ ਕਰ ਪਾਉਂਦਾ ਜੋ ਮੈਂ ਸੋਚੀ ਬੈਠਾ ਹੁੰਨਾਂ। ਇਸ ਨਾਲ ਮਨ ਹੋਰ ਪ੍ਰੇਸ਼ਾਨ ਹੋ ਗਿਆ। ਫਿਰ ਮੈਂ ਕਿਤਾਬ, ਲੇਖਾਂ ਅਤੇ ਇੰਟਰਨੈਟ 'ਤੇ ਘੋਖ ਪੜਤਾਲ ਕੀਤੀ ਤਾਂ ਕਿ ਮੈਨੂੰ ਬਹਾਨਾ ਮਿਲ ਜਾਵੇ ਆਪਣੀ ਪ੍ਰੇਸ਼ਾਨੀ ਦਾ ਭਾਰ ਕਿਸੇ ਹੋਰ 'ਤੇ ਸੁੱਟਣ ਦਾ। ਕਈ ਮਨੋਵਿਗਿਆਨੀਆਂ ਦੇ ਖੋਜ ਪੱਤਰ ਪੜ੍ਹੇ ਤੇ ਸਭ ਨੇ ਇਹੋ ਦੱਸਿਆ ਕਿ ਇਸ ਨੂੰ ਕਸੂਰ ਨਾ ਸਮਝੋ, ਨਾ ਹੀ ਇਹ ਮਨ ਦੀ ਕਮਜ਼ੋਰੀ ਹੈ। ਉਹਨਾਂ ਅਨੁਸਾਰ ਇਸ ਨੂੰ ਆਪਣੇ ਆਪ ਨੂੰ ਹੋਰ ਅਨੁਸ਼ਾਸਨਿਕ [illegible] ਹੈ। ਆਪਾਂ ਸੰਕਲਪ ਕੀਤਾ ਹੈ ਕਿ ਨਵੇਂ ਸਾਲ ਵਿੱਚ ਆਪਾਂ ਜੋ ਪਹਿਲਾਂ ਕਰਦੇ ਸੀ ਉਸ ਨਾਲੋਂ ਕੁਝ ਬਿਹਤਰ ਕਰਨਾ ਹੈ ਜਾਂ ਵੱਖਰਾ ਕਰਨਾ ਹੈ, ਪਰ ਤੇਜ਼ ਤਰਾਰ ਕੰਮਾਂ ਵਾਲੀ ਜ਼ਿੰਦਗੀ ਵਿੱਚ ਉਹ ਕਰਨ ਲਈ 'ਵਾਧੂ' ਸਮਾਂ ਆਪਣੇ ਕੋਲ ਨਾ ਹੋਣ ਕਰਕੇ ਹੀ ਆਪਣੇ ਵਾਅਦੇ ਜਾਂ ਸੰਕਲਪ ਬਹੁਤੇ ਦਿਨ ਨਹੀਂ ਕੱਟਦੇ। ਤੇ ਫਿਰ ਇਸ ਨਾਲ ਨਾ ਚਾਹੁੰਦੇ ਹੋਏ ਵੀ ਆਪਣੇ ਆਪ ਮਨ 'ਤੇ ਬੋਝ ਪੈ ਹੀ ਜਾਂਦਾ ਹੈ। ਨਵੇਂ ਸਾਲ ਦੀ ਵਾਅਦਿਆਂ ਵਾਲੀ ਲਿਸਟ 'ਤੇ ਬਹੁਤੇ ਕੰਮ ਆਪਣੇ ਆਪ ਨੂੰ ਸਿਹਤਮੰਦ ਰੱਖਣ, ਆਪਣੇ ਆਪ ਨੂੰ ਸੋਹਣਾ ਤੇ ਦਿਲਕਸ਼ ਦਿਖਾਉਣ, ਆਪਣੇ ਆਪ ਨੂੰ ਖੁਸ਼ ਰੱਖਣ ਜਾਂ ਆਪਣੇ ਆਪ ਨੂੰ ਕੁਦਰਤ ਤੇ ਰੂਹਾਨੀਅਤ ਦੇ ਨੇੜੇ ਲੈ ਜਾਣ ਲਈ ਉਪਰਾਲੇ ਹੁੰਦੇ ਨੇ, ਜੋ ਬੀਤੇ ਵਰ੍ਹੇ ਜਾਂ ਤਾਂ ਆਪਾਂ ਬਿਲਕੁਲ ਹੀ ਨਹੀਂ ਕੀਤੇ ਹੁੰਦੇ ਜਾਂ ਥੋੜ੍ਹਾ ਬਹੁਤਾ ਕਰਕੇ ਵਿੱਚ ਵਿਚਾਲੇ ਛੱਡੇ ਹੁੰਦੇ ਨੇ। ਇਹ ਕੰਮ ਆਪਾਂ ਪਿਛਲੇ ਸਾਲ ਇਸ ਕਰਕੇ ਨਹੀਂ ਸੀ ਪੂਰੇ ਕਰ ਸਕੇ ਕਿਉਂਕਿ ਤੇਜ਼ ਤਰਾਰ ਜ਼ਿੰਦਗੀ ਦੇ ਹੋਰ ਕੰਮਾਂ ਕਾਰਾਂ ਝਮੇਲਿਆਂ ਵਿੱਚੋਂ ਆਪਾਂ ਨੂੰ ਇਹਨਾਂ ਕੰਮਾਂ ਵਾਸਤੇ ਸਮਾਂ ਹੀ ਨਹੀਂ ਸੀ ਮਿਲਿਆ, ਜਾਂ ਆਪਾਂ ਮਿਲੇ ਸਮੇਂ ਨੂੰ ਚੰਗੀ ਤਰ੍ਹਾਂ ਵਰਤ ਨਹੀਂ ਸਕੇ।

ਹੁਣ ਨਵਾਂ ਸਾਲ ਬਦਲਣ ਨਾਲ, ਨਵਾਂ ਕੈਲੰਡਰ ਕੰਧ 'ਤੇ ਲੱਗਣ ਨਾਲ ਸਮਾਂ ਵੀ ਓਨਾ ਹੀ ਹੈ ਜਿੰਨਾ ਪਿਛਲੇ ਸਾਲ ਸੀ, ਦਿਨ ਵਿੱਚ ਘੰਟੇ ਵੀ 24 ਹੀ ਹਨ। ਸਰੀਰ ਵਿੱਚ ਜਾਨ ਵੀ ਪਿਛਲੇ ਸਾਲ ਜਿੰਨੀ ਹੀ ਹੈ, ਕੰਮਾਂ ਕਾਰਾਂ 'ਤੇ ਵੀ ਪਹਿਲਾਂ ਵਾਂਗ ਹੀ ਜਾਣਾ ਹੈ, ਬਚਦੇ ਕੁਝ ਘੰਟਿਆਂ 'ਚੋਂ ਸਮਾਂ ਪਰਿਵਾਰ ਨਾਲ ਵੀ ਬਿਤਾਉਣਾ ਹੈ, ਬੱਚਿਆਂ ਦਾ ਹੋਮਵਰਕ ਵੀ ਹੈ, ਗਰੋਸਰੀ ਦੀ ਖਰੀਦੋ -ਫਰੋਖਤ ਹੈ, ਸਕੇ ਸਬੰਧੀਆਂ ਦੇ ਦੁੱਖ-ਸੁੱਖ 'ਤੇ ਆਉਣਾ ਜਾਣਾ ਹੈ, ਬਜ਼ੁਰਗਾਂ ਦੀ ਸਾਂਭ ਸੰਭਾਲ ਹੈ। ਸਭ ਕੁਝ ਪਹਿਲਾਂ ਵਰਗਾ ਹੈ, ਜੇ ਬਦਲਿਆ ਹੈ ਤਾਂ ਕੰਧ 'ਤੇ ਲੱਗਾ ਕੈਲੰਡਰ ਜਾਂ ਵਾਅਦਿਆਂ ਦੀ ਬਣਾਈ ਲਿਸਟ। ਕਿਉਂਕਿ ਸਭ ਕੁਝ ਪਹਿਲਾਂ ਵਰਗਾ ਹੀ ਹੈ ਫਿਰ ਲਿਸਟ ਵਾਲੇ ਵਾਅਦਿਆਂ ਨਾਲ ਵਫ਼ਾ ਕਰਨੀ ਵੀ ਓਨੀ ਹੀ ਔਖੀ ਹੈ ਛੇ ਤਾਂ ਹੀ ਇਸ ਲਿਸਟ ਵਾਲੇ ਕੰਮ ਫਿਰ ਅਧੂਰੇ ਰਹਿ ਜਾਂਦੇ ਨੇ। ਆਪਾਂ ਚਾਹੀਏ ਤੇ ਭਾਵੇਂ ਨਾ ਚਾਹੀਏ, ਜਦੋਂ ਇਹ ਕੰਮ ਇੱਕ ਵਾਰ ਫਿਰ ਪੂਰੇ ਹੁੰਦੇ ਨਹੀਂ ਦਿਸਦੇ ਤਾਂ ਆਪਣੇ ਮਨ 'ਤੇ ਮਾੜਾ ਅਸਰ ਪੈਂਦਾ ਹੀ ਪੈਂਦਾ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਲਿਸਟ ਬਣਾਈ ਤਾਂ ਆਪ ਨੂੰ ਚੰਗੀ ਸੇਧ ਦੇਣ ਲਈ ਸੀ। ਜੇ ਇਸ ਲਿਸਟ ਕਰਕੇ ਮਨ 'ਤੇ ਬੋਝ ਹੀ ਪੈਣਾ ਹੈ ਤਾਂ ਇਸ ਲਿਸਟ ਨੂੰ ਬਣਾਉਣ ਦਾ ਫਾਇਦਾ ਹੈ ਕਿ ਨੁਕਸਾਨ? ਮਾਹਿਰ ਕਹਿੰਦੇ ਹਨ ਕਿ ਨਵੇਂ ਸਾਲ 'ਤੇ ਬਣਾਈ ਵਾਅਦਿਆਂ ਦੀ ਲਿਸਟ ਦਾ ਫਾਇਦਾ ਹੈ। ਇਹ ਲਿਸਟ ਉਹੀ ਇਨਸਾਨ ਬਣਾਉਂਦਾ ਹੈ, ਜਿਸਦਾ ਮਨ ਸੁਚੇਤ ਹੈ, ਜਿਸਨੂੰ ਆਪਣੇ ਚੰਗੇ ਮਾੜੇ ਦੀ ਸਮਝ ਹੈ। ਪਰ ਮਾਹਿਰ ਕਹਿੰਦੇ ਨੇ ਕਿ ਲਿਸਟ ਵਾਲੇ ਕੰਮਾਂ ਨੂੰ ਹਫ਼ਤੇ ਜਾਂ ਵੱਧ ਤੋਂ ਵੱਧ 10 ਦਿਨਾਂ 'ਤੇ ਉਤਾਰਨ ਦੀ ਕੋਸ਼ਿਸ਼ ਕਰੋ। ਹਫ਼ਤੇ ਜਾਂ 10 ਦਿਨ ਬਾਅਦ ਨਵੀਂ ਲਿਸਟ ਬਣਾਓ, ਜੋ ਅਗਲੇ ਹਫਤੇ ਜਾਂ ਦਸ ਦਿਨ ਲਈ ਹੋਵੇ। ਜਦੋਂ ਆਪਾਂ ਲਿਸਟ 'ਤੇ ਲਿਖੇ ਕੰਮਾਂ ਨੂੰ 365 ਨਾਲ ਜ਼ਰਬ ਦੇ ਕੇ ਸਾਲ ਵਾਸਤੇ ਆਪਣੇ ਆਪ ਲਈ ਨਿਸ਼ਾਨਾ ਰੱਖ ਲੈਂਦੇ ਹਾਂ ਤਾਂ ਲਾਜ਼ਮੀ ਹੈ ਕਿ ਲਿਸਟ ਉਦੇਸ਼ ਦੀ ਬਜਾਏ ਸਿਰਦਰਦੀ ਬਣ ਜਾਂਦੀ ਹੈ। ਇਸੇ ਕਾਰਨ ਹੀ 365 ਦਿਨਾਂ ਲਈ ਬਣਾਈ ਲਿਸਟ 'ਤੇ ਲਿਖੇ ਕੰਮ ਜਦੋਂ ਆਪਾਂ ਸਾਲ ਦੇ ਪਹਿਲੇ 25-30 ਦਿਨਾਂ 'ਚ ਨਹੀਂ ਕਰ ਪਾਉਂਦੇ ਤਾਂ ਆਪਣੇ 'ਚੋਂ ਕਈ ਲੋਕ ਲਿਸਟ ਤੋਂ 14 ਫਰਵਰੀ ਤੱਕ ਖਿੜਕ ਜਾਂਦੇ ਨੇ। ਇਥੇ ਹੀ ਬੱਸ ਨਹੀਂ, ਇਹ ਵਾਅਦੇ ਉਹਨਾਂ ਦੇ ਜ਼ਿਹਨ ਵਿੱਚ ਹਰ ਵਕਤ ਘੁੰਮਦੇ ਨੇ ਅਤੇ ਉਹਨਾਂ ਨੂੰ ਪ੍ਰੇਸ਼ਾਨ ਕਰਦੇ ਰਹਿੰਦੇ ਨੇ। ਇਸ ਕਰਕੇ ਆਪਣੇ ਆਪ ਲਈ ਪ੍ਰੇਸ਼ਾਨੀ ਸਹੇੜਨ ਨਾਲੋਂ ਚੰਗਾ ਹੈ ਕਿ ਲਿਸਟ ਬਣੇ ਜ਼ਰੂਰ, ਪਰ ਥੋੜ੍ਹੇ ਦਿਨਾਂ ਲਈ ਅਤੇ ਫਿਰ ਥੋੜ੍ਹੇ ਦਿਨਾਂ ਤੋਂ ਬਾਅਦ ਲਿਸਟ ਨਵਿਆਈ ਜਾਵੇ। ਜੋਰ ਲਿਸਟ ਬਣਾਉਣ ਉੱਤੇ ਘੱਟ ਲੱਗੇ ਤੇ ਕੰਮ ਪੂਰੇ ਕਰਨ ਉਤੇ ਜ਼ਿਆਦਾ।